Punjab Government Gazette

Published by Authority

No. 28] CHANDIGARH, FRIDAY JULY 10, 2026 (ASADHA 19, 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ

(ਗ੍ਰਹਿ-3 ਸ਼ਾਖਾ)

ਅਧਿਸੂਚਨਾ

ਮਿਤੀ 22 ਦਸੰਬਰ, 2023

ਨੰ: HOME-HM-30ESBM/50/2023-HOME-3/I/747496/2023.-ਹੇਠ ਲਿਖੇ ਉਪ ਕਪਤਾਨ ਪੁਲਿਸ, ਮਿਤੀ 30.11.2023 (ਬ.ਦੁ.) ਨੂੰ 58 ਸਾਲ ਦੀ ਉਮਰ ਮੁਕੰਮਲ ਕਰਨ ਤੇ ਸੇਵਾ ਨਿਵਿਰਤ ਹੋ ਚੁੱਕੇ ਹਨ:-

ਲੜੀ ਨੰ	ਅਫਸਰ ਦਾ ਨਾਮ	ਜਨਮ ਮਿਤੀ	ਮੌਜੂਦਾ ਤਾਇਨਾਤੀ
1.	ਰਾਕੇਸ਼ ਕੁਮਾਰ,ਪੀ.ਪੀ.ਐਸ, ਨੰ. ਪੀ.ਆਰ.ਟੀ/40, 395/ਪੀ.ਆਰ, ਡੀ.ਐਸ.ਪੀ ਪੁੱਤਰ ਸ਼੍ਰੀ ਮੋਹਨ ਲਾਲ	10.11.1965	ਉਪ ਕਪਤਾਨ ਪੁਲਿਸ, ਸੀ.ਆਈ.ਡੀ ਯੂਨਿਟ, ਚੰਡੀਗੜ੍ਹ।
2.	ਅਮਰਜੀਤ ਸੰਧੂ, ਪੀ.ਪੀ.ਐਸ, ਨੰ. 2144/ਡਬਲਯੂ, ਡੀ.ਐਸ.ਪੀ ਪੁੱਤਰ ਸ਼੍ਰੀ ਹਜਾਰਾ ਰਾਮ	15.11.1965	ਉਪ ਕਪਤਾਨ ਪੁਲਿਸ, ਤਕਨੀਕੀ ਸੇਵਾਵਾਂ, ਪੰਜਾਬ, ਚੰਡੀਗੜ੍ਹ।
3.	ਠਾਣਾ ਸਿੰਘ, ਪੀ.ਪੀ.ਐਸ, ਨੰ . 2000/ਡਬਲਯੂ, ਡੀ.ਐਸ.ਪੀ ਪੁੱਤਰ ਸ਼੍ਰੀ ਜਗਰੂਪ ਸਿੰਘ	15.11.1965	ਉਪ ਕਪਤਾਨ ਪੁਲਿਸ, ਤਕਨੀਕੀ ਸੇਵਾਵਾਂ, ਬਠਿੰਡਾ ਰੇਂਜ, ਬਠਿੰਡਾ।
4.	ਜਸਵਿੰਦਰ ਕੁਮਾਰ, ਪੀ.ਪੀ.ਐਸ, ਨੰ. 219/ਜੇ.ਆਰ, ਜੇ.ਆਰ.ਟੀ/359, ਡੀ.ਐਸ.ਪੀ ਪੁੱਤਰ ਸ਼੍ਰੀ ਤੁਲਸੀ ਰਾਮ	01.12.1965	ਸਹਾਇਕ ਕਮਿਸ਼ਨਰ ਪੁਲਿਸ, ਪੀ.ਬੀ.ਆਈ, ਇਕਨੋਮਿਕ ਓਫੈਂਸ ਅਤੇ ਸਾਇਬਰ ਕਰਾਇਮ, ਜਲੰਧਰ।

2. ਇਨ੍ਹਾਂ ਅਧਿਕਾਰੀਆਂ ਦੀ ਸੇਵਾ ਨਿਵਿਰਤੀ ਦੇ ਹੁਕਮ ਇਸ ਸ਼ਰਤ ਤੇ ਜਾਰੀ ਕੀਤੇ ਜਾਂਦੇ ਹਨ:-

ੳ) ਜੇਕਰ ਇਨ੍ਹਾਂ ਅਧਿਕਾਰੀਆਂ ਵਿਰੁੱਧ ਕਿਸੇ ਕਿਸਮ ਦਾ ਕੋਈ ਵੀ ਬਕਾਇਆ/ਅਨੁਸ਼ਾਸ਼ਨੀ ਕਾਰਵਾਈ/ਇੰਨਕੁਆਰੀ ਨਿਯਮਾਂ ਅਧੀਨ ਚੱਲਦੀ ਹੋਵੇਗੀ ਜਾਂ ਅਦਾਲਤ ਵਿੱਚ ਕੋਈ ਕੇਸ ਲੰਬਿਤ ਹੋਵੇ ਤਾਂ ਰਿਟਾਇਰਮੈਂਟ ਦੇ ਹੁਕਮਾਂ ਤੇ ਇਸਦਾ ਕੋਈ ਅਸਰ ਨਹੀਂ ਪਵੇਗਾ।

ਅ) ਇਨ੍ਹਾਂ ਅਧਿਕਾਰੀਆਂ ਵਿਰੁੱਧ ਭਵਿੱਖ ਵਿੱਚ ਜੇਕਰ ਕੋਈ ਕ੍ਰਿਮੀਨਲ, ਸਿਵਲ ਜਾਂ ਅਨੁਸ਼ਾਸ਼ਨੀ ਕਾਰਵਾਈ ਕਰਨ ਬਾਰੇ ਮਾਮਲਾ ਧਿਆਨ ਵਿੱਚ ਆਉਂਦਾ ਹੈ ਤਾਂ ਇਨ੍ਹਾਂ ਵਿਰੁੱਧ ਪੰਜਾਬ ਸੀ.ਐਸ.ਆਰ. ਭਾਗ-2 ਦੇ ਨਿਯਮ 2.2 ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਜੇਕਰ ਇਨ੍ਹਾਂ ਅਧਿਕਾਰੀਆਂ ਵਿਰੁੱਧ ਕੋਈ ਰਿਕਵਰੀ ਕਿਸੇ ਸਟੇਜ ਤੇ ਸਾਹਮਣੇ ਆਉਣੀ ਹੈ ਤਾਂ ਉਸਦੀ ਭਰਪਾਈ ਇਨ੍ਹਾਂ ਦੀ ਗਰੈਚੁਟੀ/ਪੈਨਸ਼ਨ ਵਿਚੋਂ ਕਰ ਲਈ ਜਾਵੇਗੀ।

ਗੁਰਕਿਰਤ ਕਿਰਪਾਲ ਸਿੰਘ, ਆਈ.ਏ.ਐਸ.,
ਸਕੱਤਰ, ਪੰਜਾਬ ਸਰਕਾਰ,
ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਪੰਜਾਬ

ਚੰਡੀਗੜ੍ਹ
ਮਿਤੀ 20 ਦਸੰਬਰ, 2023

3766/7-2026/Pb. Govt. Press, S.A.S. Nagar